# ਐਚਐਸਈ ਦੇ ਅਸਲ ਟੈਲੀਫੋਨ ਸਰਵੇਖਣ ਦੀ ਸ਼ਨਾਖਤ ਕਿਵੇਂ ਕਰਨੀ ਹੈ (How to identify genuine HSE telephone surveys)

## ਜੇ ਮੈਨੂੰ ਕੰਮ ਜਾਂ ਘਰ ਵਿਖੇ ਅਚਾਨਕ ਕਿਸੇ ਦਾ ਫੋਨ ਆਵੇ ਅਤੇ ਉਹ ਕਹਿਣ ਕਿ ਉਹ ਐਚਐਸਈ ਦੀ ਤਰਫੋਂ ਹੈਲਥ ਐਂਡ ਸੇਫਟੀ ਸਰਵੇਖਣ ਕਰ ਰਹੇ ਹਨ ਤਾਂ ਕੀ ਉਨ੍ਹਾਂ ਦੇ ਸਵਾਲਾਂ ਦੇ ਜਵਾਬ ਦੇਣੇ ਮੇਰਾ ਫਰਜ਼ ਹੈ?

ਐਚਐਸਈ ਦੇ ਸਾਰੇ ਵਿਅਕਤੀਗਤ ਸਰਵੇਖਣ ਪੂਰੀ ਤਰਾਂ ਵਲੰਟਰੀ ਹੁੰਦੇ ਹਨ ਅਤੇ ਉਨ੍ਹਾਂ ਦੇ ਜਵਾਬ ਦੇਣ ਦੀ ਤੁਹਾਨੂੰ ਕੋਈ ਮਜਬੂਰੀ ਨਹੀਂ ਹੈ। ਜੇ ਐਚਐਸਈ ਦੀ ਤਰਫੋਂ ਕੋਈ ਸੰਸਥਾ ਤੁਹਾਡੇ ਤੱਕ ਪਹੁੰਚ ਕਰਦੀ ਹੈ ਤਾਂ ਸੰਭਵ ਹੈ ਕਿ ਤੁਹਾਡੇ ਨਾਲ ਸਹਿਜ ਸੁਭਾਅ ਚੁਣੇ ਜਾਣ ਦੀ ਵਿਧੀ ਰਾਹੀਂ ਸੰਪਰਕ ਕੀਤਾ ਗਿਆ ਹੈ। ਬੇਸ਼ੱਕ ਐਚਐਸਈ ਦੇ ਸਰਵੇਖਣ ਵਲੰਟਰੀ ਹੁੰਦੇ ਹਨ ਪਰ ਜੇ ਵੱਧ ਤੋਂ ਵੱਧ ਲੋਕ ਇਨ੍ਹਾਂ ਵਿਚ ਭਾਗ ਲੈਣ ਲਈ ਮੰਨ ਜਾਣ ਤਾਂ ਲੋਕਾਂ ਦੇ ਤਜ਼ਰਬਿਆਂ ਅਤੇ ਵਿਚਾਰਾਂ ਦੀ ਸਹੀ ਤਸਵੀਰ ਤਿਆਰ ਕਰਨ ਵਿਚ ਸਾਨੂੰ ਮੱਦਦ ਮਿਲ ਸਕਦੀ ਹੈ। ਗ੍ਰੇਟ ਬ੍ਰਿਟੇਨ ਵਿਚ ਹੈਲਥ ਐਂਡ ਸੇਫਟੀ ਦੇ ਉੱਚੇ ਮਿਆਰਾਂ ਦੀ ਪ੍ਰਮੋਸ਼ਨ ਅਤੇ ਪ੍ਰਾਪਤੀ ਵਿਚ ਮੱਦਦ ਕਰਨ ਲਈ ਲੋੜੀਂਦੀ ਜਾਣਕਾਰੀ ਜੋ ਕਿਸੇ ਦੂਸਰੇ ਸਾਧਨ ਰਾਹੀਂ ਉਪਲੱਬਧ ਨਾ ਹੋਵੇ ਉਹ ਜਾਣਕਾਰੀ ਪ੍ਰਾਪਤ ਕਰਨ ਵਾਸਤੇ ਐਚਐਸਈ ਸਮੇਂ ਸਮੇਂ ਸਰਵੇਖਣ ਕਰਵਾਉਂਦੇ ਰਹਿੰਦੇ ਹਨ। ਸਰਵੇਖਣ ਵਿਚ ਸਵਾਲਾਂ ਦਾ ਜਵਾਬ ਦੇਣ ਵਾਸਤੇ ਲੱਗਣ ਵਾਲਾ ਸਮਾਂ ਕੱਢਣ ਵਾਸਤੇ ਐਚਐਸਈ ਆਪ ਜੀ ਦੇ ਅਹਿਸਾਨਮੰਦ ਹਨ ਅਤੇ ਇਹ ਇਕ ਮਹੱਤਵ ਪੂਰਨ ਤਰੀਕਾ ਹੈ ਜਿਸ ਰਾਹੀਂ ਤੁਸੀਂ ਮੱਦਦ ਕਰ ਸਕਦੇ ਹੋ।

## ਪ੍ਰਮਾਣਿਕ ਤੌਰ ਤੇ ਐਚਐਸਈ ਵਲੋਂ ਕਿਹੜੇ ਸਰਵੇਖਣਾ ਵਾਸਤੇ ਸੇਵਾਵਾਂ ਪ੍ਰਾਪਤ ਕੀਤੀਆਂ ਗਈਆਂ ਹਨ?

ਵਰਕਪਲੇਸ ਵਿਚ ਸੰਭਾਵੀ ਖਤਰਿਆਂ ਨੂੰ ਉਚਿਤ ਤਰੀਕੇ ਨਾਲ ਕੰਟ੍ਰੋਲ ਕਰ ਸਕਣ ਦੇ ਆਪਣੇ ਨਿਸ਼ਾਨੇ ਦੀ ਪ੍ਰਾਪਤੀ ਵਾਸਤੇ ਐਚਐਸਈ ਕਈ ਤਰਾਂ ਦੇ ਸਰਵੇਖਣ ਕਰਵਾਉਂਦੇ ਹਨ। ਅਗਲੇ ਕੁੱਝ ਸਾਲਾਂ ਦੌਰਾਨ ਐਚਐਸਈ (ਘਰ ਅਤੇ ਕੰਮ ਵਿਖੇ ਟੈਲੀਫੋਨ ਸਰਵੇਖਣਾ ਸਹਿਤ) ਰਾਸ਼ਟਰੀ ਪੱਧਰ ਦੇ ਸਰਵੇਖਣਾ ਦੀ ਇਕ ਵੱਡੀ ਲੜੀ ਨੂੰ ਸਪਾਂਸਰ ਕਰਨਗੇ। ਇਹ ਸਰਵੇਖਣ, ਬ੍ਰਿਟੇਨ ਦੀਆਂ ਵਰਕਪਲੇਸਾਂ ਵਿਚ ਹੈਲਥ ਐਂਡ ਸੇਫਟੀ ਦੇ ਪ੍ਰਬੰਧਾਂ ਨੂੰ ਬੇਹਤਰ ਤਰੀਕੇ ਨਾਲ ਸਮਝ ਸਕਣ ਅਤੇ ਇਹ ਦੇਖਣ ਲਈ ਕਿ ਐਚਐਸਈ ਦੇ ਪ੍ਰੋਗਰਾਮ ਕਿਵੇਂ ਚੱਲ ਰਹੇ ਹਨ, ਡਿਜ਼ਾਈਨ ਕੀਤੇ ਗਏ ਹਨ। ਇਨ੍ਹਾਂ ਤੋਂ ਐਚਐਸਈ ਨੂੰ ਪਤਾ ਲੱਗੇਗਾ ਕਿ ਕੀ ਕੁੱਝ ਕੰਮ ਕਰ ਰਿਹਾ ਹੈ ਅਤੇ ਕੀ ਕੁੱਝ ਅਤੇ ਕਿਉਂ ਨਹੀਂ ਕੰਮ ਕਰ ਰਿਹਾ।

- MORI FIT3 survey. (ਮੋਰੀ ਫਿਟ3 ਸਰਵੇਖਣ)